BRITISH COLUMBIA

# ਜਾਣਕਾਰੀ ਬੁਲੇਟਿਨ

1 ਸਤੰਬਰ, 2011 ਵਿਦਿਆ ਮਹਿਕਮਾ

**ਪੜ੍ਹਾਈ ਕਰਨ ਅਤੇ ਅੱਖਰਾਂ ਦੇ ਗਿਆਨ ਵਿਚ ਸੁਧਾਰ ਲਈ ਸਕੂਲ ਵਾਪਸ ਜਾਣ ਬਾਰੇ ਸੁਝਾਅ**

ਵਿਕਟੋਰੀਆ - ਹੁਣ ਜਦੋਂ ਕਿ ਵਿਦਿਆਰਥੀ ਸਕੂਲ ਵਾਪਸ ਜਾਣ ਦੀ ਤਿਆਰੀ ਕਰ ਰਹੇ ਹਨ, ਉਨ੍ਹਾਂ ਦੇ ਸਾਲ ਨੂੰ ਕਾਮਯਾਬ ਬਣਾਉਣ ਅਤੇ ਆਪਣੇ ਪੜ੍ਹਾਈ ਦੇ ਸਮੇਂ ਦਾ ਵੱਧ ਤੋਂ ਵੱਧ ਫਾਇਦਾ ਲੈਣ ਵਿਚ ਉਨ੍ਹਾਂ ਦੀ ਮਦਦ ਕਰਨ ਲਈ ਕੁਝ ਸੁਝਾਅ ਇਹ ਹਨ:

**ਪ੍ਰਾਇਮਰੀ ਸਕੂਲ ਦੇ ਵਿਦਿਆਰਥੀਆਂ ਦੇ ਮਾਪੇ:**

- ਆਪਣੇ ਬੱਚਿਆਂ ਨੂੰ ਤੁਹਾਨੂੰ ਪੜ੍ਹਦੇ ਦੇਖਣ ਦਿਉ, ਅਤੇ ਹਰ ਰੋਜ਼ ਪਰਿਵਾਰ ਵਲੋਂ ਰਲ ਕੇ ਪੜ੍ਹਣ ਲਈ ਸਮਾਂ ਰੱਖੋ।
- ਆਪਣੇ ਵਲੋਂ ਖਾਣਾ ਤਿਆਰ ਕਰਨ ਵੇਲੇ ਆਪਣੇ ਬੱਚਿਆਂ ਨੂੰ ਆਖੋ ਕਿ ਉਹ ਤੁਹਾਨੂੰ ਪੜ੍ਹ ਕੇ ਸੁਣਾਉਣ।
- ਸਫੇ ਪੜ੍ਹਣ ਲਈ ਵਾਰੀਆਂ ਲੈ ਕੇ ਜਾਂ ਪਾਤਰਾਂ ਦੀ ਐਕਟਿੰਗ ਕਰਕੇ ਆਪਣੇ ਬੱਚਿਆਂ ਨੂੰ ਪੜ੍ਹਣ ਬਾਰੇ ਉਤੇਜਤ ਕਰੋ।
- ਤੁਹਾਡੇ ਬੱਚੇ ਜੋ ਪੜ੍ਹਦੇ ਹਨ ਉਸ ਬਾਰੇ ਗੱਲ ਕਰੋ। ਉਨ੍ਹਾਂ ਨੂੰ ਅਜਿਹੇ ਸਵਾਲ ਪੁੱਛੋ ਜਿਹੜੇ ਉਨ੍ਹਾਂ ਤੋਂ ਅਰਥ ਸਮਝਣ ਦੀ ਮੰਗ ਕਰਦੇ ਹੋਣ ਅਤੇ ਉਨ੍ਹਾਂ ਨੇ ਜੋ ਹੁਣੇ ਹੁਣੇ ਪੜ੍ਹਿਆ ਹੈ ਉਸ ਬਾਰੇ ਸੋਚਣ ਲਾਉਣ। ਇਸ ਨਾਲ ਉਨ੍ਹਾਂ ਦੀ ਸਮਝ ਕੇ ਪੜ੍ਹਣ ਵਿਚ ਮਦਦ ਹੋਵੇਗੀ - ਕੁਝ ਸੁਝਾਵਾਂ ਲਈ ਇਹ ਵੀਡਿਓ ਦੇਖੋ।
- ਆਪਣੇ ਬੱਚਿਆਂ ਨੂੰ ਸਾਹਿਤ ਦੀਆਂ ਵੱਖ ਵੱਖ ਵੰਨਗੀਆਂ ਤੋਂ ਜਾਣੂ ਕਰਵਾਉ ਅਤੇ ਇਹ ਦੇਖੋ ਕਿ ਉਹ ਕਿਹੜੀ ਵੰਨਗੀ ਦਾ ਸਭ ਤੋਂ ਜ਼ਿਆਦਾ ਆਨੰਦ ਮਾਣਦੇ ਹਨ।
- ਕਹਾਣੀਆਂ ਅਤੇ ਪੜ੍ਹਣ ਦੇ ਹੋਰ ਮੌਕਿਆਂ ਰਾਹੀਂ ਆਪਣੇ ਬੱਚਿਆਂ ਨੂੰ ਅਬਰਿਜਨਲ ਸਭਿਆਚਾਰ ਅਤੇ ਇਤਿਹਾਸ ਦੀ ਵਾਕਫੀ ਕਰਵਾਉ।
- ਆਪਣੇ ਬੱਚਿਆਂ ਦੀ ਲਾਇਬਰੇਰੀ ਕਾਰਡ ਬਣਾਉਣ ਵਿਚ ਮਦਦ ਕਰੋ ਅਤੇ ਉਨ੍ਹਾਂ ਨੂੰ ਹਰ ਹਫਤੇ ਲਾਇਬਰੇਰੀ ਲੈ ਕੇ ਜਾਉ।

**ਇੰਟਰਮੀਡੀਏਟ/ਮਿਡਲ ਸਕੂਲ ਦੇ ਵਿਦਿਆਰਥੀਆਂ ਦੇ ਮਾਪੇ:**

- ਹਰ ਰੋਜ਼ ਹੋਮਵਰਕ ਕਰਨ ਦਾ ਨੇਮ ਬਣਾਉ। ਹੋਮਵਰਕ ਕਰਨ ਲਈ ਥਾਂ ਬਣਾਉ ਜਿਹੜੀ ਟੈਲੀਵੀਜ਼ਨ ਅਤੇ ਇੰਟਰਨੈੱਟ ਵਰਗੀਆਂ ਧਿਆਨ ਭੰਗ ਕਰਨ ਵਾਲੀਆਂ ਚੀਜ਼ਾਂ ਤੋਂ ਪਰ੍ਹਾਂ ਹੋਵੇ ਅਤੇ ਜਿੱਥੇ ਢੁਕਵੀਂ ਲਾਈਟ ਅਤੇ ਸਪਲਾਈ ਹੋਵੇ।
- ਜਦੋਂ ਤੁਹਾਡੇ ਬੱਚਿਆਂ ਦਾ ਹੋਮਵਰਕ ਕਰਨ ਦਾ ਸਮਾਂ ਹੋਵੇ ਤਾਂ ਆਪਣਾ ਹੋਮਵਰਕ ਵੀ ਕਰਦੇ ਹੋਏ ਪੜ੍ਹਣ ਦੀਆਂ ਵਧੀਆ ਆਦਤਾਂ ਕਾਇਮ ਕਰੋ: ਆਪਣੀ ਚੈੱਕਬੁੱਕ ਬੈਲੇਂਸ ਕਰੋ, ਆਪਣੇ ਬਿੱਲ ਦਿਉ ਜਾਂ ਕੋਈ ਕਿਤਾਬ ਪੜ੍ਹੋ।

- ਆਪਣੇ ਵਿਹਲੇ ਸਮੇਂ ਵਿਚ ਬੱਚਿਆਂ ਨੂੰ ਹਾਸਰਸ ਵਾਲੀਆਂ ਕਿਤਾਬਾਂ ਪੜ੍ਹਣ ਦਿਉ ਕਿਉਂਕਿ ਹਾਸਰਸ ਵਾਲੀਆਂ ਕਿਤਾਬਾਂ ਪੜ੍ਹਣ ਦੀਆਂ ਚੰਗੀਆਂ ਆਦਤਾਂ ਨੂੰ ਉਤਸ਼ਾਹ ਦੇ ਸਕਦੀਆਂ ਹਨ ਅਤੇ ਅੱਖਰ ਗਿਆਨ ਵਿਚ ਸੁਧਾਰ ਕਰਨ ਵਿਚ ਰੋਲ ਨਿਭਾ ਸਕਦੀਆਂ ਹਨ।
- ਆਪਣੇ ਬੱਚਿਆਂ ਦੀ ਔਖੇ ਅਤੇ ਸੌਖੇ ਹੋਮਵਰਕ ਦੀ ਪਛਾਣ ਕਰਨ ਵਿਚ ਮਦਦ ਕਰੋ ਅਤੇ ਜ਼ਿਆਦਾ ਔਖੇ ਵਿਸ਼ਿਆਂ ਦਾ ਹੋਮਵਰਕ ਪਹਿਲਾਂ ਕਰਵਾਉ।
- ਸਵਾਲਾਂ ਦੇ ਜਵਾਬ ਦੇਣ ਅਤੇ ਮਦਦ ਕਰਨ ਲਈ ਆਪਣੇ ਆਪ ਨੂੰ ਹਾਜ਼ਰ ਰੱਖੋ, ਪਰ ਆਪਣੇ ਬੱਚਿਆਂ ਲਈ ਉਨ੍ਹਾਂ ਦਾ ਹੋਮਵਰਕ ਨਾ ਕਰੋ।
- ਆਪਣੇ ਬੱਚਿਆਂ ਤੋਂ ਸਵਾਲ ਪੁੱਛੋ ਅਤੇ ਉਨ੍ਹਾਂ ਨੇ ਜੋ ਪੜ੍ਹਿਆ ਜਾਂ ਅਧਿਐਨ ਕੀਤਾ ਹੈ ਉਸ ਬਾਰੇ ਦੱਸਣ ਲਈ ਕਹੋ।
- ਆਪਣੇ ਬੱਚਿਆਂ ਨੂੰ ਕਹਾਣੀਆਂ, ਕਵਿਤਾਵਾਂ ਅਤੇ ਗੀਤ ਲਿਖਣ ਲਈ ਉਤਸ਼ਾਹ ਦਿਉ।
- ਢੁਕਵੀਂਆਂ ਤਾਰੀਕਾਂ, ਟੈੱਸਟਾਂ ਅਤੇ ਹੋਰ ਸਰਗਰਮੀਆਂ ਦਾ ਪਤਾ ਰੱਖਣ ਲਈ ਇਕ ਅਸਾਇਨਮੈਂਟ ਕੈਲੰਡਰ ਫਰਿੱਜ `ਤੇ ਲਗਾਉ।

**ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਦੇ ਮਾਪੇ:**

- ਹੋਮਵਰਕ ਦਾ ਬਣਾਇਆ ਹੋਇਆ ਨੇਮ ਜਾਰੀ ਰੱਖੋ। ਲੋੜ ਮੁਤਾਬਕ ਤਬਦੀਲੀਆਂ ਕਰੋ, ਜਿਵੇਂ ਕਿ ਸਕੂਲ ਤੋਂ ਬਾਅਦ ਜਾਂ ਵੀਕਐਂਡ ਸਮਾਂ ਵੱਡੇ ਪ੍ਰੋਜੈਕਟਾਂ `ਤੇ ਕੰਮ ਕਰਨ ਲਈ ਰੱਖਣਾ।
- ਆਪਣੇ ਜਵਾਨ ਬੱਚਿਆਂ ਨੂੰ ਉਤਸ਼ਾਹ ਦਿਉ ਕਿ ਉਹ ਹਰ ਰਾਤ ਨੂੰ ਉਸ ਦਿਨ ਦੇ ਨੋਟ ਪੜ੍ਹਣ ਲਈ 20 ਮਿੰਟ ਲਾਉਣ ਜਾਂ ਮਹੱਤਵਪੂਰਨ ਜਾਣਕਾਰੀ ਨੂੰ ਉਜਾਗਰ ਕਰਨ ਲਈ ਰੰਗਾਂ ਦੀ ਵਰਤੋਂ ਕਰਦੇ ਹੋਏ ਦੁਬਾਰਾ ਲਿਖਣ ਤਾਂ ਜੋ ਉਹ ਲੰਮਾ ਸਮਾਂ ਇਸ ਨੂੰ ਯਾਦ ਰੱਖ ਸਕਣ।
- ਪੜ੍ਹਣ ਵੇਲੇ ਅੱਖਾਂ, ਧੌਣ ਅਤੇ ਦਿਮਾਗ ਦੇ ਥਕੇਂਵੇਂ ਨੂੰ ਘੱਟ ਕਰਨ ਵਿਚ ਮਦਦ ਕਰਨ ਲਈ ਆਪਣੇ ਬੱਚਿਆਂ ਨੂੰ ਨੇਮ ਨਾਲ ਬਰੇਕ ਲੈਣ ਲਈ ਆਖੋ। ਇਸ ਨਾਲ ਉਨ੍ਹਾਂ ਨੂੰ ਜ਼ਿਆਦਾ ਪੜ੍ਹਨ ਵਿਚ ਮਦਦ ਮਿਲੇਗੀ ਅਤੇ ਉਨ੍ਹਾਂ ਨੂੰ ਪੜ੍ਹਿਆ ਅਤੇ ਅਧਿਐਨ ਕੀਤਾ ਜ਼ਿਆਦਾ ਯਾਦ ਰਹੇਗਾ।
- ਆਪਣੇ ਜਵਾਨ ਬੱਚਿਆਂ ਨੂੰ ਪੜ੍ਹਦੇ ਰੱਖਣ ਲਈ, ਉਨ੍ਹਾਂ ਵਿਸ਼ਿਆਂ ਬਾਰੇ ਮੈਗਜ਼ੀਨ ਪੜ੍ਹਣ ਜਾਂ ਢੁਕਵੇਂ ਵੈੱਬਸਾਈਟ ਦੇਖਣ ਲਈ ਉਤਸ਼ਾਹ ਦਿਉ ਜਿਨ੍ਹਾਂ ਵਿਚ ਉਨ੍ਹਾਂ ਦੀ ਦਿਲਚਸਪੀ ਹੈ। ਬਹੁਤੀਆਂ ਸਥਾਨਕ ਲਾਇਬਰੇਰੀਆਂ ਵਿਚ ਵੱਖ ਵੱਖ ਵਿਸ਼ਿਆਂ ਬਾਰੇ ਮੈਗਜ਼ੀਨਾਂ ਦੀ ਸਲੈਕਸ਼ਨ ਹੁੰਦੀ ਹੈ, ਜਿਸ ਵਿਚ ਖੇਡਾਂ, ਸਾਇੰਸ, ਮੈਕੇਨਿਕਸ ਅਤੇ ਰਾਜਨੀਤੀ ਦੇ ਵਿਸ਼ੇ ਸ਼ਾਮਲ ਹਨ।
- ਢੁਕਵੀਂਆਂ ਤਾਰੀਕਾਂ, ਟੈੱਸਟਾਂ ਅਤੇ ਹੋਰ ਸਰਗਰਮੀਆਂ ਦਾ ਪਤਾ ਰੱਖਣ ਲਈ ਇਕ ਅਸਾਇਨਮੈਂਟ ਕੈਲੰਡਰ ਫਰਿੱਜ `ਤੇ ਲਗਾਉ।

**ਸੰਪਰਕ:**

ਗਵਰਮੈਂਟ ਕਮਿਉਨੀਕੇਸ਼ਨਜ਼ ਐਂਡ ਪਬਲਿਕ ਇਨਗੇਜਮੈਂਟ

ਵਿਦਿਆ ਮਹਿਕਮਾ
250 356-5963

www.gov.bc.ca/connect `ਤੇ ਬੀ.ਸੀ. ਸਰਕਾਰ ਨਾਲ ਸੰਪਰਕ ਕਰੋ।